# ਪਾਲੀ

੭੪

9.518

ਜੀਵਨ, ਸਹਿਜ-ਪਿਆਰ ਲਈ ਇਕ ਭੁੱਖ ਹੈ।
ਗਿਆਨ, ਪਿਆਰ ਦੀ ਅਸਲੀਅਤ ਨੂੰ ਰੋਸ਼ਨ ਕਰਦਾ ਹੈ
ਅਤੇ ਪਿਆਰ ਮੁਕਤੀ ਤੋਂ ਪਰਮ ਪਦ ਵਿਚ ਗੁੰਮ ਹੋ ਜਾਂਦਾ ਹੈ।

ਗਿ: ਜਸਵੰਤ ਸਿੰਘ
"ਕੰਵਲ"

201

SARDAR DYAL SINGH
LAHORE
LIBRARY.

ਪ੍ਰਕਾਸ਼ਕ:-
ਹਰਨਾਮ ਸਿੰਘ ਜੋਗਿੰਦਰ ਸਿੰਘ
ਪੁਸਤਕਾਂ ਵਾਲੇ, ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ।

## ਏਸੇ ਕਲਮ ਦੀਆਂ ਰਚਨਾਂ

# ਜੀਵਨ ਕਣੀਆਂ

31680

ਜ਼ਿੰਦਗੀ ਉੱਤੇ ਖਿਆਲ ਸਰਲ ਬੋਲੀ ਤੇ ਉੱਚ ਭਾਵਾਂ ਵਿਚ ਦਿੱਤੇ ਹਨ। ਖਿਆਲ ਹੀ ਮਨੁੱਖ ਦੀ ਜ਼ਿੰਦਗੀ ਸ਼ਿੰਗਾਰਦੇ ਤੇ ਬਣਾਂਦੇ ਹਨ। ਜੀਵਨ ਨੂੰ ਸੁਥਰਾ ਜੀਉਣ ਲਈ ਇਸ ਕਿਤਾਬ ਨੂੰ ਜ਼ਰੂਰ ਪੜ੍ਹੋ।

ਅੰਮ੍ਰਿਤ ਅਤਰ ਨੂਰ ਭਿੱਜੀਆਂ ਇਹ ਜੀਵਨ ਦੀਆਂ ਕਣੀਆਂ।
ਜਿਉਂ ਮੁਟਿਆਰ ਦੀ ਹਿੱਕ ਤੇ ਤਣੀਆਂ ਦੋ ਜੋਬਨ ਦੀਆਂ ਮਣੀਆਂ।

# ਸੱਚ ਨੂੰ ਫਾਂਸੀ

ਜੀਵਨ ਇਕ ਸੰਗਰਾਮ ਹੈ। ਮਾਨੁੱਖ ਦੁਖ ਸੁੱਖ ਦੀਆਂ ਹੱਦਾਂ ਚੀਰਦਾ ਹੈ। ਦੁਨੀਆਂ, ਸਮਾਜ ਤੇ ਕਾਨੂੰਨ ਦੀਆਂ ਚਟਾਨਾਂ ਨਾਲ ਟਕਰਾ ਕੇ ਇਕ ਸੱਚਾ ਪ੍ਰੇਮੀ ਆਪਣੀ ਜਵਾਨੀ ਦਾ ਨਾਸ ਕਰਦਾ ਹੈ ਤੇ ਮਨੁੱਖਤਾ ਦੀ ਸਹੀ ਅਗਵਾਈ ਲਈ ਕੁਰਬਾਨੀ ਦੇਂਦਾ ਹੈ। ਜੀਵਨ ਸੰਗਰਾਮ ਦੇ ਮੁੱਢੇ ਹੀਰੋ ਬਣਨ ਲਈ ਇਹ ਨਾਵਲ ਸੰਜੋਅ ਦਾ ਕੰਮ ਦੇਵੇਗਾ।

# ਮਿਰਗ ਨੈਣੀ

ਇਹ ਨਾਵਲ ਲਿਖੀ ਜਾ ਰਹੀ ਹੈ ਅਤੇ ਪੇਂਡੂ ਪਿਆਰ ਦੀ ਇਕ ਝਲਕ ਹੋਵੇਗੀ।

ਪ੍ਰਕਾਸ਼ਕ:—ਹਰਨਾਮ ਸਿੰਘ ਜੋਗਿੰਦਰ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ।
ਪ੍ਰਿੰਟਰ:—ਮਿ: ਸ਼ੰਮਸ ਦੀਨ "ਪੰਜਾਬ ਲਿਟ੍ਰੇਰੀ ਪ੍ਰੈਸ" ਕਟੜਾ ਮਿਤ ਸਿੰਘ ਅੰਮ੍ਰਿਤਸਰ।

# ਆਲਾ ਦੁਆਲਾ

ਮਾਲਵੇ ਵਿਚ ਅਜ ਭੀ ਜੀਵਨ ਜੀਵਿਆ ਜਾਂਦਾ ਹੈ, ਉਥੇ ਗਿਧੇ ਾਂਦੇ ਹਨ, ਕੁੜੀਆਂ-ਚਿੜੀਆਂ ਛੱਡ ਕੇ, ਵਿਆਹ ਵੇਲੇ ਬੁਢੀਆਂ-ਠੇਰੀਆਂ ੀ ਸਿਰ ਤੇ ਜਾਗੋ ਲੈ ਕੇ ਨੱਚਦੀਆਂ ਹਨ, ਆਹਮੋ ਸਾਹਮਣੇ ਬੈਠ ਕੇ ਮੁੰਡੇ ਕੁੜੀਆਂ ਬੋਲੀਆਂ ਪਾਉਂਦੇ ਹਨ, ਰਾਤ ਨੂੰ ਵੱਡੇ ਵੱਡੇ ਮੁੰਡੇ ਤੇ ੜੀਆਂ ਇਕੱਠੇ ਲੁਕਣ-ਮੀਟੀ ਖੇਡਦੇ ਹਨ। ਜਿਹੜੀ ਘੰਟਿਆਂ ਬੱਧੀ ਚ ਨਹੀਂ ਸਕਦੀ, ਉਹ ਮਲਵੈਣ ਨਹੀਂ, ਅਤੇ ਜਿਹੜਾ ਗਿੱਧਾ ਪਾਉਂਦਾ ਬੋਲੀ ਚੁਕਦਾ ਦਿਨ ਨਾ ਚੜ੍ਹਾ ਦੇਵੇ, ਉਹ ਮਲਵਈ ਨਹੀਂ। ਪੋਠੋਹਾਰ ਮੁੰਡੇ ਕੁੜੀ ਵਿਚ ਭੀ ਖੁਲ੍ਹ ਹੈ, ਪਰ ਉਹ ਭੋਲੇ ਨਹੀਂ ਹਨ। ਮਾਲਵੇ ੀ ਖੁਲ੍ਹ ਮਾਸੂਮਾਂ ਦੀ ਖੁਲ੍ਹ ਹੈ, ਭੋਲੀ ਜਵਾਨੀ ਦੀ ਖੁਲ੍ਹ ਹੈ, ਛੈਲ-ਛਬੀਲਿਆਂ ਮੁਟਿਆਰਾਂ ਦੀ ਖੁਲ੍ਹ ਹੈ। ਉਹ ਜੰਗਲੀ ਫੁਲਾਂ ਵਰਗੇ ਹਨ, ਜਿਨ੍ਹਾਂ ਤੇ ਖ ਮਾਲੀ ਨੇ ਆਪਾ ਵਾਰਿਆ ਹੈ।

ਮਾਲਵਾ ਟਾਹਲੀਆਂ ਤੇ ਪਿਪਲਾਂ ਦਾ ਦੇਸ਼ ਹੈ, ਇਸ ਕਰਕੇ ਇਸ ਦੇ ੀਵਨ ਵਿਚ ਟਾਹਲੀਆਂ ਵਾਲੀ ਨਿੱਗਰਤਾ ਹੈ, ਟਾਹਲੀ ਤੇ ਪਿੱਪਲ ਸਬੰਧੀ ਨੇ ਪੰਜਾਬੀ ਵਿਚ ਗੀਤ ਹਨ, ਬਹੁਤੇ ਮਾਲਵੇ ਦੇ ਹਨ, ਪਿੱਪਲ ਦੀਆਂ ੱਤੀਆਂ ਬਿਨਾ, ਕੋਈ ਮਲਵੈਣ ਜਿਵੇਂ ਰਹਿ ਨਹੀਂ ਸਕਦੀ, ਅਜ ਭੀ ਮਦੇ ਕੰਨਾਂ ਵਿਚ ਪਿੱਪਲ ਦੀਆਂ ਪਤੀਆਂ ਝੰਮ ਝੰਮ ਕਰਦੀਆਂ ਹਨ, ਉਠ

ਉਪਰ ਚੜ੍ਹੀ ਹੋਈ ਮਲਵੈਣ, ਕਿਸੇ ਈਰਾਨਣ ਤੋਂ ਘਟ ਨਹੀਂ ਲਗਦੀ। ਈਰਾਨ ਦੀ ਸੁੰਦਰਤਾ ਦੀ ਸਾਰੀ ਦੁਨੀਆਂ ਕਾਇਲ ਹੈ, ਇਸ ਕਰਕੇ ਕਿ ਉਸਨੂੰ ਸਾਹਿੱਤ ਵਿਚ ਕਾਫੀ ਥਾਂ ਮਿਲ ਰਹੀ ਹੈ, ਪਰ ਅਫਸੋਸ ਕਿ ਅਜੇ ਤੱਕ ਮਲਵੈਣ ਨੂੰ ਸਾਹਿੱਤ ਵਿਚ ਥਾਂ ਨਹੀਂ ਮਿਲੀ। ਪੋਠੋਹਾਰ ਦੀ ਕੁੜੀ ਸੁਹਣੀ ਹੋ ਰਹੀ ਹੈ, ਸ਼ਾਇਦ ਇਸ ਕਰਕੇ ਕਿ ਉਸਦੇ ਪ੍ਰਸੰਸਕ ਵਧ ਗਏ ਹਨ, ਉਹ ਸਹਿੱਤ ਵਿਚ ਆ ਗਈ ਹੈ। ਪ੍ਰਸੰਸਾ ਸੁਹਣਿਆਂ ਬਣਾ ਦੇਂਦੀ ਹੈ, ਬੀਬੇ ਬਣਾ ਦੇਂਦੀ ਹੈ। ਇਕ ਯੂਰਪ ਦੇ ਕਵੀ ਨੇ ਦੋ ਨਿਗੁਣੀਆਂ ਕੁੜੀਆਂ ਨੂੰ ਕਵਿਤਾ ਲਿਖ ਕੇ ਨਿਖਾਰ ਦਿਤਾ ਸੀ, ਜਿਵੇਂ ਗੰਧਲਾ ਪਾਣੀ ਨਿਰਮਲ ਹੋ ਗਿਆ ਹੁੰਦਾ ਹੈ।

ਇਹ ਉਹੋ ਮਾਲਵਾ ਹੈ, ਜਿਥੇ ਹਰ ਘਰ ਵਿਚ ਜ਼ਖਮੀ ਸਿੰਘ ਲੇਟੇ ਹੁੰਦੇ ਸਨ, ਮਾਝੇ ਲਈ ਸਾਡਾ ਮਾਲਵਾ ਹਸਪਤਾਲ ਬਣ ਜਾਂਦਾ ਸੀ। ਜਿਥੋਂ ਦੀਆਂ ਸਵਾਣੀਆਂ ਸਾਰੀਆਂ ਹੁੰਦੀਆਂ ਹੀ ਮਾਵਾਂ ਨੇ, ਜਿਥੋਂ ਦੀ ਮੁਟਿਆਰ ਦਾ "ਬੀਰਾ" ਸ਼ਬਦ ਮਾਖਿਉਂ ਨਾਲ ਭਰਿਆ ਪਿਆ ਹੈ। ਪਠਾਣਾਂ ਦੀ ਕੌਮ ਵਾਂਗ ਮਲਵਈਆਂ ਦੀ ਪ੍ਰਾਹੁਣਚਾਰੀ ਹੁੰਦੀ ਹੈ, ਸੰਸਾਰ ਵਿਚ ਉਂਗਲਾਂ ਤੇ ਗਿਣਨ ਜੋਗੀਆਂ ਕੌਮਾਂ ਹਨ, ਜਿਨ੍ਹਾਂ ਵਿਚ ਇਹ ਗੁਣ ਪਾਇਆ ਜਾਂਦਾ ਹੈ।

ਇਸ ਨਾਵਲ ਦਾ ਲੇਖਕ ਮਲਵਈ ਹੈ, ਤੇ ਮੇਰੇ ਲਈ ਇਹ ਇਕ ਬਹੁਤ ਵੱਡੀ ਚੀਜ਼ ਹੈ। ਸਾਡੇ ਕੋਲ ਅਗੇ ਭੀ ਕੁਝ ਮਾਲਵੇ ਦੇ ਲੇਖਕ ਆਏ ਹਨ, ਸ੍ਰ: ਸੰਤ ਸਿੰਘ ਸੇਖੋਂ, ਜਿਸ ਨੇ ਸਾਹਿੱਤ ਸਬੰਧੀ ਪੰਜਾਬੀ ਦੇ ਪਹਿਲੇ ਪਹਿਲਵਾਨਾਂ ਦਾ ਭੀ ਨੁਕਤਾ ਨਿਗ਼ਾਹ ਬਦਲ ਦਿਤਾ ਸੀ। ਜੇ ਸੇਖੋਂ ਨਾ ਆਉਂਦਾ ਤਾਂ ਪੰਜਾਬੀ ਕਵਿਤਾ ਵਿਚੋਂ ਡੂੰਘਾਈ ਖਤਮ ਹੋ ਜਾਣੀ ਸੀ, ਕਵਿਤਾ ਇਕ ਤਰਦੀ ਤਰਦੀ ਚੀਜ਼ ਰਹਿ ਜਾਣੀ ਸੀ।

ਦੂਜਾ ਆਦਮੀ ਸੀ ਪ੍ਰੋ: ਹਰਦਿਆਲ ਸਿੰਘ। ਮੈਨੂੰ ਪਤਾ ਹੈ, ਉਨ੍ਹਾਂ ਦੀ ਲਿਖਤ ਨਾਲ ਬੇ-ਸਮਝ ਲੋਕਾਂ ਨੇ ਕਿੰਨੀ ਬੇ-ਇਨਸਾਫੀ ਕੀਤੀ ਹੈ, ਸੇਖੋਂ ਤੇ ਹਰਦਿਆਲਸਿੰਘ ਦੀ ਸਥਾਨਕ ਬੋਲੀ ਕਈਆਂ ਨੂੰ ਚੁੱਭਦੀ ਹੈ ਪਰ ਪੋਠੋਹਾਰੀ ਭਲਾ ਕਿਉਂ ਮਿਠੀ ਲਗਦੀ ਹੈ? ਭਾਵੇਂ ਦਰਜਨਾਂ ਕਤਾਬਾਂ ਸਾਹਿਤ ਸਬੰਧੀ ਆ



ਜਾਣ, ਹਰਦਿਆਲਸਿੰਘ ਦੀਆਂ ਚੋਟੀਆਂ ਨੂੰ ਛੁਹਣਾ ਕਠਨ ਹੈ। ਤੀਜਾ ਬੰਦਾ ਹੈ ਚਕਰਵਰਤੀ, ਸਹੁੰ ਕਲਮ ਦੀ, ਇਹ ਨਿਰਾ ਬੰਦਾ ਜੇ, ਜੇ ਮਾਲਾ ਫੜੇ ਤਾਂ ਨਿਰਾ ਭਗਤ, ਬਗਲਾ ਭਗਤ ਨਹੀਂ, ਜੇ ਨਕਲਾਂ ਕਰਨ ਲਗੇ ਤਾਂ ਨਿਰਾ ਭੰਡ, ਜੇ ਹਮਦਰਦੀ ਕਰਦਾ ਵੇਖੋ, ਤਾਂ ਅਥਰੂ ਨਹੀਂ ਰੁਕਦੇ। ਜੇ ਨਿਸ਼ੰਗ ਪੁਣਾ ਵੇਖੋ, ਤਾਂ ਰਬ ਨੂੰ ਕਹਿ ਦੇਵੇਗਾ ਤੂੰ ਸਾਡਾ ਕੀ ਲਗਦਾ ਏਂ।

ਚੌਥੇ ਆਏ ਹਨ, ਸਾਡੇ ਕੰਵਲ ਜੀ। ਇਹ ਸਚ ਮੁਚ ਕੰਵਲ ਹੈ, ਕੰਵਲ ਦਾ ਤਿਆਗ ਇਸ ਦੀ ਹਰ ਪੱਤੀ ਵਿਚ ਹੈ, ਹਰ ਰੇਸ਼ੇ ਵਿਚ ਹੈ। ਭਾਵੇਂ ਇਸ ਦੀਆਂ ਨਾਲਾਂ ਦੂਰ ਤੱਕ ਚਿਕੜ ਵਿਚ ਫੈਲੀਆਂ ਹੋਣਗੀਆਂ ਪਰ ਇਸ ਦੀਆਂ ਲਾਲ ਪੱਤੀਆਂ ਕਿਸੇ ਸੂਰਜ ਦੀ ਪੈਦਾਇਸ਼ ਹਨ, ਇਸ ਉਪਰ ਪਾਣੀ ਦੇ ਤੁਛ ਕਤਰੇ ਭੀ ਮੋਤੀ ਲਗਦੇ ਹਨ।

ਮੈਂ ਇਸਦੀ ਸਿਫਤ ਕਰਦਾ ਹਾਂ, ਇਸ ਕਰਕੇ ਨਹੀਂ ਕਿ ਇਹ ਕਹਾਣੀ ਗੁੰਦ ਸਕਦਾ ਹੈ, ਇਸ ਕਰਕੇ ਨਹੀਂ ਕਿ ਇਸ ਦੀ ਗਲ ਬਾਤ ਕੁਦਰਤੀ ਹੈ, ਇਸ ਕਰਕੇ ਕਿ ਇਸ ਦੇ ਸਿਧਾਂਤ ਭਾਰਤ ਦੇ ਰਿਖੀਆਂ ਦੇ ਸਿਧਾਂਤ ਹਨ। ਇਹ ਦਾਰਸ਼ਨਿਕ-ਲੇਖਕ ਹੈ। ਭਾਈ ਵੀਰ ਸਿੰਘ ਜੀ ਨੇ ਭਾਈ ਸੰਤੋਖ ਸਿੰਘ ਵਾਂਗੂੰ ਸਿਖ ਇਤਿਹਾਸ ਨੂੰ ਦਰਸ਼ਨਾਂ ਦਾ ਰੰਗ ਚਾੜ੍ਹਿਆ ਹੈ, ਇਸ ਲੇਖਕ ਨੇ ਇਕ ਪੇਂਡੂ ਜੀਵਨ ਨੂੰ ਦਰਸ਼ਨ ਵਿਚ ਡੋਬ ਦਿੱਤਾ ਹੈ।

ਪਾਲੀ ਨਾਵਲ ਵਿਚ ਥਾਂ ਥਾਂ ਗੁਰਦੇਵ ਦਾ ਖਿਆਲ ਆਉਂਦਾ ਹੈ, ਇਸ ਨਾਵਲ ਵਿਚ ਗੁਰਦੇਵ ਪ੍ਰੇਰਕ ਹੈ, ਉਹ ਆਤਮਾ ਬਣ ਕੇ ਭੀ ਕੂਕਦਾ ਹੈ, ਗੁਰਦੇਵ ਬਣ ਕੇ ਭੀ ਮਤੀਂ ਦੇਂਦਾ ਹੈ ਅਤੇ ਠੋਕਰ ਖਾਂਦੇ ਮਨੁੱਖ ਨੂੰ ਸਹਾਰਾ ਦੇਂਦਾ ਹੈ।

ਲੇਖਕ ਦੇ ਵਾਕ ਅਗਾਧ ਸ਼ਰਧਾ ਦੇ ਸੂਚਕ ਹਨ, ਇਸ ਲੇਖਕ ਦਾ ਪ੍ਰੇਮ ਫਕੀਰੀ ਰੰਗ ਦਾ ਪ੍ਰੇਮ ਹੈ, ਉਹ ਪ੍ਰਿਆ ਦੀਆਂ ਬਾਹਵਾਂ ਵਿਚ ਆ ਕੇ ਇਸ ਤਰ੍ਹਾਂ ਅਨਭਵ ਕਰਦਾ ਹੈ, ਜਿਵੇਂ ਨਦੀ ਸਾਗਰ ਵਿਚ ਆ ਕੇ ਸਮਾ ਜਾਂਦੀ ਹੈ।

ਕਰਤਾ ਦੀ ਸਾਰੀ ਲਿਖਤ ਅਧਿਆਤਮਕ ਹੈ, ਆਚਰਨ ਸਾਰੇ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.